28-Oct-BTD-Pages.qxd 10/28/2025 10:07 PM Page 2







## ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਕੀਰਤਨ

**ਰੇਡੀਓ**



ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਕੀਰਤਨ ਵਿਚ 29 ਅਕਤੂਬਰ ਨੂੰ ਸ਼ਾਮ 4.00 ਤੋਂ 6.00 ਵਜੇ ਤੱਕ ਭਾਈ ਦਵਿੰਦਰ ਸਿੰਘ ਅਤੇ 30 ਅਕਤੂਬਰ ਨੂੰ ਸਵੇਰੇ 4.00 ਤੋਂ 6.00 ਵਜੇ ਤੱਕ ਭਾਈ ਜਬਰਤੋੜ ਸਿੰਘ 'ਆਸਾ ਦੀ ਵਾਰ' ਦਾ ਕੀਰਤਨ ਕਰਨਗੇ।

**ਪੀ. ਟੀ. ਸੀ.**

ਪੀ. ਟੀ. ਸੀ. ਪੰਜਾਬੀ ਰਾਹੀਂ ਸਿੱਧੇ ਪ੍ਰਸਾਰਿਤ ਹੁੰਦੇ ਪ੍ਰੋਗਰਾਮ ਵਿਚ 29 ਅਕਤੂਬਰ ਨੂੰ ਸ਼ਾਮ 5.00 ਤੋਂ 7.00 ਵਜੇ ਤੱਕ ਭਾਈ ਦਵਿੰਦਰ ਸਿੰਘ, ਕੀਰਤਨ, ਪਾਠ 'ਰਹਿਰਾਸ ਸਾਹਿਬ' ਉਪਰੰਤ 'ਆਰਤੀ' ਭਾਈ ਗੁਰਸੇਵਕ ਸਿੰਘ ਤੇ 30 ਅਕਤੂਬਰ ਨੂੰ ਸਵੇਰੇ 3.45 ਵਜੇ ਤੋਂ 7.45 ਵਜੇ ਤੱਕ ਭਾਈ ਜਬਰਤੋੜ ਸਿੰਘ ਤੇ ਭਾਈ ਗੁਰਜਿੰਦਰ ਸਿੰਘ ਕੀਰਤਨ ਕਰਨਗੇ।

ਐਸ. ਜੀ. ਪੀ. ਸੀ. ਵੈੱਬ ਚੈਨਲ 'ਤੇ ਸਵੇਰੇ 3.45 ਵਜੇ ਤੋਂ 8.30 ਵਜੇ ਤੱਕ, ਦੁਪਹਿਰ 12.30 ਵਜੇ ਤੋਂ 2.20 ਵਜੇ ਤੱਕ ਅਤੇ ਸ਼ਾਮ 6.00 ਤੋਂ 8.00 ਵਜੇ ਤੱਕ ਸਿੱਧਾ ਪ੍ਰਸਾਰਨ ਹੁੰਦਾ ਹੈ। ਐਸ. ਜੀ. ਪੀ. ਸੀ. ਦੇ ਮੋਬਾਈਲ ਐਪ ਤੋਂ ਅੰਮ੍ਰਿਤ ਵੇਲੇ ਤੋਂ ਸੁਖ ਆਸਨ ਤੱਕ ਦਾ ਪੂਰਾ ਸਮਾਗਮ ਸੁਣਿਆ ਜਾ ਸਕਦਾ ਹੈ।

ਮੁੱਖ ਵਾਕ ਦੀ ਕਥਾ: 29 ਅਕਤੂਬਰ ਨੂੰ ਗਿਆਨੀ ਰਣਜੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਅਤੇ 30 ਅਕਤੂਬਰ ਨੂੰ ਬਾਬਾ ਬੋਤਾ ਸਿੰਘ ਮੁੰਡਾਪਿੰਡ, ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਵੇਰੇ 7.45 ਵਜੇ ਤੋਂ 8.30 ਵਜੇ ਤੱਕ ਮੁੱਖ ਵਾਕ ਦੀ ਕਥਾ ਕਰਨਗੇ।



ਸੂਬਾਈ ਖੇਡ ਮੁਕਾਬਲਿਆਂ 'ਚ ਅੱਵਲ ਰਹੀ ਮਨਮੀਤ ਕੌਰ ਦੇ ਸਨਮਾਨ ਮੌਕੇ ਦੀ ਤਸਵੀਰ। ਤਸਵੀਰ: ਰਾਜੂ

# ਸੂਬਾਈ ਖੇਡਾਂ ਦੌਰਾਨ ਗੋਲਾ ਸੁੱਟਣ ਦੇ ਮੁਕਾਬਲਿਆਂ 'ਚ ਅੱਵਲ ਰਹੀ ਮਨਮੀਤ ਕੌਰ ਦਾ ਪਿੰਡ ਪੁੱਜਣ 'ਤੇ ਸਨਮਾਨ

ਤਲਵੰਡੀ ਸਾਬੋ 28 ਅਕਤੂਬਰ (ਰਣਜੀਤ ਸਿੰਘ ਰਾਜੂ)-ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦੌਰਾਨ ਗੋਲਾ ਸੁੱਟਣ ਦੇ ਮੁਕਾਬਲਿਆਂ 'ਚ ਸੂਬੇ ਭਰ 'ਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੀ ਉਪ ਮੰਡਲ ਦੇ ਪਿੰਡ ਜਗਾ ਰਾਮ ਤੀਰਥ ਦੀ ਹੋਣਹਾਰ ਖਿਡਾਰਨ ਮਨਮੀਤ ਕੌਰ ਸਿੱਧੂ ਦਾ ਪਿੰਡ ਪਹੁੰਚਣ 'ਤੇ ਇਲਾਕੇ ਦੇ ਨਾਮੀ ਸਮਾਜ ਸੇਵੀ ਕਲੱਬ, ਚੜ੍ਹਦੀਕਲਾ ਵੈੱਲਫ਼ੇਅਰ ਕਲੱਬ ਜਗਾ ਰਾਮ ਤੀਰਥ ਵਲੋਂ ਸਨਮਾਨ ਕੀਤਾ ਗਿਆ। ਕਲੱਬ ਪ੍ਰਬੰਧਕਾਂ ਵਲੋਂ ਜਾਰੀ ਪ੍ਰੈਸ ਬਿਆਨ ਮੁਤਾਬਿਕ ਲੁਧਿਆਣਾ ਦੇ ਖੇਡ ਮੈਦਾਨ 'ਚ ਹੋਈਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦੌਰਾਨ ਸ਼ਾਟ ਪੁੱਟ (ਗੋਲਾ ਸੁੱਟਣ) ਦੇ 14 ਸਾਲ੍ਹ ਉਮਰ ਵਰਗ ਦੇ ਮੁਕਾਬਲਿਆਂ 'ਚ ਮਨਮੀਤ ਕੌਰ ਸਿੱਧੂ ਨੇ ਸੂਬੇ ਭਰ 'ਚੋਂ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਆਪਣੇ ਨਾਂਅ ਕੀਤਾ। ਕਲੱਬ ਪ੍ਰਬੰਧਕਾਂ ਵਲੋਂ ਉਕਤ ਹੋਣਹਾਰ ਖਿਡਾਰਨ ਦਾ ਸਨਮਾਨ ਕਰਨ ਮੌਕੇ ਕਿਹਾ ਗਿਆ ਕਿ ਉਕਤ ਬੱਚੀ ਨੇ ਨਾ ਕੇਵਲ ਆਪਣੇ ਮਾਪਿਆਂ ਦਾ ਸਗੋਂ ਸਮੁੱਚੇ ਪਿੰਡ ਦਾ ਨਾਂਅ ਸੂਬਾ ਪੱਧਰ 'ਤੇ ਰੌਸ਼ਨ ਕੀਤਾ ਹੈ ਅਤੇ ਸਨਮਾਨ ਕਰਨ ਦਾ ਇਕ ਮਕਸਦ ਇਹ ਵੀ ਹੈ ਕਿ ਹੋਰ ਬੱਚੀਆਂ ਵੀ ਇਸ ਤੋਂ ਪ੍ਰੇਰਨਾ ਲੈ ਕੇ ਖੇਡਾਂ ਦੇ ਖੇਤਰ 'ਚ ਵਿਚਰ ਸਕਣ। ਕਲੱਬ ਪ੍ਰਬੰਧਕਾਂ ਮੁਤਾਬਿਕ ਮਨਮੀਤ ਕੌਰ ਦੇ ਪਿਤਾ ਮਾ: ਮਲਕੀਤ ਸਿੰਘ ਵੀ ਬੱਚਿਆਂ ਨੂੰ ਖੇਡਾਂ ਵੱਲ ਲੈ ਜਾਣ ਲਈ ਪਿਛਲੇ ਲੰਬੇ ਸਮੇਂ ਤੋਂ ਯਤਨ ਕਰਦੇ ਆ ਰਹੇ ਹਨ। ਕਲੱਬ ਪ੍ਰਬੰਧਕਾਂ ਨੇ ਚੜ੍ਹਦੀ ਕਲਾ ਵੈਲਫ਼ੇਅਰ ਕਲੱਬ ਦੇ ਪ੍ਰਧਾਨ ਜੱਗਾ ਸਿੰਘ ਦੀ ਅਗਵਾਈ ਹੇਠ ਖਿਡਾਰਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਮੌਕੇ ਮਨਮੀਤ ਦੇ ਚਾਚਾ ਤੇ ਖਿੱਤੇ ਦੀ ਨਾਮੀ ਸਖਸ਼ੀਅਤ ਬਾਬਾ ਨਿੱਕਾ ਜਗਾ ਤੇ ਦਾਦਾ ਗੇਜਾ ਸਿੰਘ ਤੋਂ ਇਲਾਵਾ ਕਲੱਬ ਵਲੋਂ ਮੀਤ ਪ੍ਰਧਾਨ ਬਿੰਦਰ ਸਿੰਘ ਸਿੱਧੂ, ਸਕੱਤਰ ਜੰਬਾ ਸਿੰਘ, ਬਿੱਟੂ ਸੰਧੂ, ਮਾ: ਬਲਦੇਵ ਸਿੰਘ ਡੀ. ਪੀ., ਮਾ: ਤਰਸੇਮ ਸਿੰਘ, ਪ੍ਰਦੀਪ ਚਹਿਲ ਫੌਜੀ, ਮਾ: ਭਗਵਾਨ ਸਿੰਘ ਜਗਾ ਆਦਿ ਮੌਜੂਦ ਸਨ।

# ਦੇਸ਼-ਪ੍ਰਦੇਸ਼ ਵਿਚ ਉੱਭਰ ਰਹੀਆਂ ਆਰਥਿਕ ਸਮੱਸਿਆਵਾਂ ਵਿਸ਼ੇ ਉਪਰ ਸੈਮੀਨਾਰ ਕਰਵਾਇਆ

ਭੁੱਚੋ ਮੰਡੀ, 28 ਅਕਤੂਬਰ (ਬਿੱਕਰ ਸਿੰਘ ਸਿੱਧੂ)-ਪੀ. ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਚੱਲ ਰਹੇ ਕੌਮੀ ਸੇਵਾ ਯੋਜਨਾ ਯੂਨਿਟ ਅਧੀਨ ਪ੍ਰਿੰਸੀਪਲ ਜਸਵੀਰ ਸਿੰਘ ਬੇਗਾ ਦੀ ਪ੍ਰਧਾਨਗੀ ਅਤੇ ਡਾ: ਰਣਜੋਧ ਸਿੰਘ ਪ੍ਰੋਗਰਾਮ ਅਫ਼ਸਰ ਕੌਮੀ ਸੇਵਾ ਯੋਜਨਾ ਯੂਨਿਟ ਦੀ ਅਗਵਾਈ ਅਧੀਨ ਦੇਸ਼ ਅਤੇ ਵਿਦੇਸ਼ ਵਿਚ ਉੱਭਰ ਰਹੀਆਂ ਆਰਥਿਕ ਸਮੱਸਿਆਵਾਂ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਡਾ: ਰਣਜੋਧ ਸਿੰਘ ਨੇ ਦੱਸਿਆ ਕਿ ਇਸ ਸੈਮੀਨਾਰ ਦੌਰਾਨ ਸਕੂਲ ਦੇ ਗਿਆਰਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੇ ਪੂਰੇ ਆਤਮ ਵਿਸ਼ਵਾਸ ਨਾਲ, ਆਪਣੇ-ਆਪਣੇ ਟੌਪਿਕਾਂ ਆਧਾਰਿਤ ਵਿਚਾਰਾਂ ਦੀ ਪੂਰੀ ਸਪੱਸ਼ਟਤਾ ਨਾਲ ਪੇਸ਼ਕਾਰੀ ਕੀਤੀ। ਸੈਮੀਨਾਰ ਦੀਆਂ ਸਮੁੱਚੀਆਂ ਪੇਸ਼ਕਾਰੀਆਂ ਵਿਚੋਂ ਕੋਮਲਪ੍ਰੀਤ ਕੌਰ, ਸ਼੍ਰੇਣੀ ਬਾਰ੍ਹਵੀਂ ਬੀ ਨੇ 150 ਅੰਕਾਂ ਵਿਚੋਂ 142 ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ ਪ੍ਰਾਪਤ ਕੀਤਾ, ਅੰਜਲੀ ਸਿੰਗਲਾ, ਸ਼੍ਰੇਣੀ ਬਾਰ੍ਹਵੀਂ ਏ ਨੇ 140 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ ਅਤੇ ਜਸ਼ਨਦੀਪ ਕੌਰ ਸ਼੍ਰੇਣੀ ਗਿਆਰ੍ਹਵੀਂ ਏ 137 ਅੰਕਾਂ ਨਾਲ ਤੀਸਰੇ ਸਥਾਨ 'ਤੇ ਰਹੀ। ਪ੍ਰਿੰਸੀਪਲ ਨੇ ਵਿਦਿਆਰਥੀਆਂ ਦੁਆਰਾ ਪੂਰੇ ਆਤਮ ਵਿਸ਼ਵਾਸ ਨਾਲ ਆਪਣੇ ਵਿਚਾਰਾਂ ਨੂੰ ਸਟੇਜ 'ਤੇ ਰੱਖਣ ਅਤੇ ਪੁੱਛੇ ਗਏ ਪ੍ਰਸ਼ਨਾਂ ਦਾ ਇਕਾਗਰਚਿੱਤ ਹੋ ਕੇ ਉੱਤਰ ਦੇਣ ਲਈ ਸਮੂਹ ਵਲੰਟੀਅਰਾਂ ਦੀ ਸ਼ਲਾਘਾ ਕਰਦੇ ਹੋਏ ਭਵਿੱਖ ਵਿਚ ਚੁਣੌਤੀਆਂ ਭਰੇ ਮੁਕਾਬਲੇ ਦੇ ਇਮਤਿਹਾਨਾਂ ਨੂੰ ਧਿਆਨ ਵਿਚ ਰੱਖਦੇ ਹੋਏ ਅੱਗੇ ਤੋਂ ਅਜਿਹੇ ਸੈਮੀਨਾਰਾਂ ਦੌਰਾਨ ਹੋਰ ਵੀ ਮਿਹਨਤ ਤੇ ਤਨਦੇਹੀ ਨਾਲ ਤਿਆਰੀ ਕਰਕੇ ਪੇਸ਼ਕਾਰੀਆਂ ਕਰਨ ਲਈ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸੈਮੀਨਾਰ ਦੌਰਾਨ ਜੇਤੂ ਰਹੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਹਾਜ਼ਰ ਸਟਾਫ਼ ਮੈਂਬਰਾਂ ਸਮੇਤ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕਰਨ ਹਿੱਤ ਮੋਮੈਂਟੋ ਤਕਸੀਮ ਕੀਤੇ। ਸੈਮੀਨਾਰ ਦੌਰਾਨ ਜੱਜਮੈਂਟ ਟੀਮ ਦੀ ਭੂਮਿਕਾ ਮਨਜੋਤ ਕੌਰ, ਚਮਕੌਰ ਸਿੰਘ ਅਤੇ ਰਾਜਪ੍ਰੀਤ ਕੌਰ ਨੇ ਨਿਭਾਈ। ਇਸ ਸਮੇਂ ਅਧਿਆਪਕ ਗੁਰਕੀ, ਜਗਜੀਤ ਸਿੰਘ, ਸੰਤੋਸ਼ ਕੁਮਾਰ ਅਤੇ ਅੰਮ੍ਰਿਤਪਾਲ ਸਿੰਘ ਦਾ ਵੀ ਵਿਸ਼ੇਸ਼ ਯੋਗਦਾਨ ਰਿਹਾ। ਸੈਮੀਨਾਰ ਦੇ ਅੰਤ ਵਿਚ ਵਿਪਨ ਕੁਮਾਰ ਅਤੇ ਸਹਾਇਕ ਪ੍ਰੋਗਰਾਮ ਅਫ਼ਸਰ ਕੌਮੀ ਸੇਵਾ ਯੋਜਨਾ ਇਕਾਈ ਵਲੋਂ ਸਟੇਜ ਤੋਂ ਬੋਲਦੇ ਹੋਏ ਹਾਜ਼ਰ ਸਟਾਫ਼ ਅਤੇ ਸਮੂਹ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ।



ਪੀ. ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਆਰਥਿਕਤਾ ਦੇ ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਦੌਰਾਨ ਆਪਣੇ ਵਿਚਾਰ ਪੇਸ਼ ਕਰਦੀ ਹੋਈ ਵਿਦਿਆਰਥਣ। ਤਸਵੀਰ: ਬਿੱਕਰ ਸਿੰਘ ਸਿੱਧੂ



ਛਠ ਪੂਜਾ ਉਤਸਵ ਦੌਰਾਨ ਛਿਪਦੇ ਸੂਰਜ ਨੂੰ ਅਰਘ ਦਿੰਦੀਆਂ ਸ਼ਰਧਾਲੂ ਔਰਤਾਂ। ਤਸਵੀਰ: ਸਿੰਗਲਾ

# ਸ਼ਰਧਾਪੂਰਵਕ ਮਨਾਇਆ ਗਿਆ ਛਠ ਪੂਜਾ ਦਾ ਤਿਉਹਾਰ

ਰਾਮਾਂ ਮੰਡੀ, 28 ਅਕਤੂਬਰ (ਤਰਸੇਮ ਸਿੰਗਲਾ)-ਸਥਾਨਕ ਸ੍ਰੀ ਛਠ ਪੂਜਾ ਸੇਵਾ ਸਮਿਤੀ ਵਲੋਂ ਛਠ ਪੂਜਾ ਦਾ ਤਿਉਹਾਰ ਰਾਮਸਰਾ ਰਜਬਾਹਾ ਪੁੱਲ ਦੇ ਨੇੜੇ ਸ਼ਰਧਾਪੂਰਵਕ ਮਨਾਇਆ ਗਿਆ। ਇਸ ਦੌਰਾਨ ਵਰਤ ਰੱਖਣ ਵਾਲੀਆਂ ਮਹਿਲਾਵਾਂ ਵਲੋਂ ਬੀਤੀ ਦੇਰ ਸ਼ਾਮ ਰਜਬਾਹੇ ਦੇ ਪਾਣੀ ਵਿਚ ਖੜ੍ਹੇ ਹੋ ਕੇ ਪੂਜਾ ਅਰਚਨਾ ਕਰਦੇ ਹੋਏ ਛਿਪਦੇ ਸੂਰਜ ਨੂੰ ਅਰਘ ਦਿੱਤਾ ਗਿਆ ਅਤੇ ਅੱਜ ਸਵੇਰੇ ਚੜ੍ਹਦੇ ਸੂਰਜ ਨੂੰ ਅਰਘ ਦੇ ਕੇ ਵਰਤਾਂ ਦਾ ਪਾਰਨਾ ਕੀਤਾ ਗਿਆ। ਇਸ ਮੌਕੇ ਪੂਜਾ ਕਰਵਾਉਣ ਲਈ ਮੌਜੂਦ ਸ਼ਿਵ ਵਾਟਿਕਾ ਮੰਦਰ ਦੇ ਪੁਜਾਰੀ ਪੰਡਿਤ ਕੁਲਦੀਪ ਭਾਰਦਵਾਜ ਨੇ ਛਠ ਪੂਜਾ ਦੇ ਤਿਉਹਾਰ ਸਬੰਧੀ ਹਾਜ਼ਰ ਸ਼ਰਧਾਲੂਆਂ ਨੂੰ ਵਿਸਥਾਰ 'ਚ ਦੱਸਿਆ । ਇਸ ਮੌਕੇ ਹਾਜ਼ਰ ਸ਼ਰਧਾਲੂਆਂ ਨੂੰ ਸ਼੍ਰੀ ਛਠ ਪੂਜਾ ਸੇਵਾ ਸਮਿਤੀ ਨੇ ਛਠ ਪੂਜਾ ਉਤਸਵ ਦੀ ਵਧਾਈ ਦਿੱਤੀ। ਇਸ ਮੌਕੇ ਸਮਿਤੀ ਦੇ ਮੈਂਬਰ ਅਧਿਕ ਠਾਕੁਰ, ਅਰੁਣ ਕੁਮਾਰ, ਰਾਜਕੁਮਾਰ, ਸੋਨੂੰ ਆਦਿ ਨੇ ਛਠ ਪੂਜਾ ਦੇ ਤਿਉਹਾਰ ਦੀ ਵਧਾਈ ਦਿੱਤੀ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ।

# ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਤੀਰਅੰਦਾਜ਼ਾਂ ਦਾ ਸ਼ਾਨਦਾਰ ਪ੍ਰਦਰਸ਼ਨ

## ਜੀ. ਕੇ. ਯੂ. ਦੇ ਰਿਸ਼ਵ ਯਾਦਵ, ਕੁਸ਼ਲ ਦਲਾਲ, ਰਿਤਿਕ ਚਹਿਲ ਤੇ ਹਰਸ਼ ਕੁਮਾਰ ਦੀ ਟੀਮ ਨੇ ਜਿੱਤੇ ਸੋਨ ਤਗਮੇ

ਤਲਵੰਡੀ ਸਾਬੋ, 28 ਅਕਤੂਬਰ (ਰਵਜੋਤ ਸਿੰਘ ਰਾਹੀ)-ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ ਚੈਂਪੀਅਨਸ਼ਿਪ 2025-26 ਵਿਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਤੀਰਅੰਦਾਜ਼ ਰਿਸ਼ਭ ਯਾਦਵ, ਕੁਸ਼ਲ ਦਲਾਲ, ਰਿਤਿਕ ਚਹਿਲ ਤੇ ਹਰਸ਼ ਕੁਮਾਰ ਨੇ ਕੰਪਾਊਂਡ ਟੀਮ ਇਵੈਂਟ ਵਿਚ ਸੋਨ ਤਗਮੇ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਦਕਿ ਲੜਕੀਆਂ ਦੇ ਕੰਪਾਊਂਡ ਇਵੈਂਟ ਵਿਚ ਜੀ. ਕੇ. ਯੂ. ਦੀਆਂ ਖਿਡਾਰਨਾਂ ਪ੍ਰਗਤੀ, ਦੀਪ ਸ਼ਿਖਾ, ਤਾਨੀਆ ਰਾਣੀ ਅਤੇ ਸੋਮਾਂਸ਼ੀ ਨੇ ਚਾਂਦੀ ਦੇ ਤਗਮੇ 'ਵਰਸਿਟੀ ਦੀ ਝੋਲੀ ਪਾਏ। ਮੈਡਲ ਸੈਰੇਮਨੀ ਮੌਕੇ ਮੁੱਖ ਮਹਿਮਾਨ ਵਾਇਸ ਚਾਂਸਲਰ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਨੇ ਜੇਤੂ ਖਿਡਾਰੀਆਂ ਨੂੰ ਮੈਡਲ ਪ੍ਰਦਾਨ ਕੀਤੇ। ਸੈਰੇਮਨੀ ਵਿਚ ਡਾ: ਜਗਤਾਰ ਸਿੰਘ ਧੀਮਾਨ ਪ੍ਰੋ: ਵਾਇਸ ਚਾਂਸਲਰ, ਡਾ: ਪੀਯੂਸ਼ ਵਰਮਾ ਪਰੋ-ਵਾਇਸ ਚਾਂਸਲਰ, ਡਾ: ਹਰਜਸਪਾਲ ਸਿੰਘ ਡਾਇਰੈਕਟਰ ਕੈਂਪਸ, ਦੇਸਰਾਜ ਕੰਬੋਜ ਨਿਰਦੇਸ਼ਕ ਸੁਰੱਖਿਆ, ਸਰਦੂਲ ਸਿੰਘ ਸਿੱਧੂ ਨਿਰਦੇਸ਼ਕ ਵਿਦਿਆਰਥੀ ਭਲਾਈ, ਏ. ਆਈ. ਯੂ. ਤੇ 'ਵਰਸਿਟੀ ਦੇ ਅਧਿਕਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੁੱਖ ਮਹਿਮਾਨ ਡਾ: ਸਿੰਘ ਨੇ ਖਿਡਾਰੀਆਂ ਨੂੰ ਉਨ੍ਹਾਂ ਦੀ ਜਿੱਤ ਅਤੇ ਉਜੱਵਲ ਭਵਿੱਖ ਦੀਆਂ ਸ਼ੁੱਭ ਕਾਮਨਾਵਾਂ ਭੇਂਟ ਕਰਦੇ ਹੋਏ ਕਿਹਾ ਕਿ ਨੌਜਵਾਨ ਪੀੜ੍ਹੀ ਭਾਰਤ ਦਾ ਭਵਿੱਖ ਹੈ। ਇਸ ਲਈ ਉਨ੍ਹਾਂ ਨੂੰ ਆਪਣੀ ਊਰਜਾ ਨਿੱਗਰ ਸਮਾਜ ਦੇ ਨਿਰਮਾਣ ਵਿਚ ਲਗਾਉਣੀ ਚਾਹੀਦੀ ਹੈ। ਡਾ. ਧੀਮਾਨ ਨੇ ਕਿਹਾ ਕਿ ਖੇਡਾਂ ਰਾਹੀਂ ਖਿਡਾਰੀ ਸਰੀਰਕ ਪੱਖੋਂ ਤੰਦਰੁਸਤ ਅਤੇ ਮਾਨਸਿਕ ਪੱਖੋਂ ਚੁਸਤ ਬਣਦੇ ਹਨ। ਡਾ. ਰਾਜ ਕੁਮਾਰ ਸ਼ਰਮਾ ਡਾਇਰੈਕਟਰ ਸਪੋਰਟਸ ਨੇ ਦੱਸਿਆ ਕਿ ਚੌਥੇ ਦਿਨ ਦੇ ਨਤੀਜਿਆਂ ਅਨੁਸਾਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਤੀਰਅੰਦਾਜ਼ਾਂ ਨੇ ਕੰਪਾਊਂਡ ਮਿਕਸਡ ਟੀਮ ਈਵੈਂਟ ਵਿਚ ਸੋਨ, ਗੁਰੂ ਕਾਸ਼ੀ ਯੂਨੀਵਰਸਿਟੀ ਨੇ ਚਾਂਦੀ, ਡਾ: ਬਾਬਾ ਸਾਹਿਬ ਅੰਬੇਦਕਰ ਮਰਾਠਵਾੜਾ ਯੂਨੀਵਰਸਿਟੀ ਨੇ ਕਾਂਸੀ, ਕੰਪਾਊਂਡ ਵੁਮੈਨ ਟੀਮ ਇਵੈਂਟ ਵਿਚ ਕਰਮਵੀਰ ਬਾਊਰਾਓ ਪਾਟਿਲ ਯੂਨੀਵਰਸਿਟੀ ਸਤਾਰਾ ਦੇ ਤੀਰ-ਅੰਦਾਜ਼ਾਂ ਨੇ ਸੋਨ, ਗੁਰੂ ਕਾਸ਼ੀ ਯੂਨੀਵਰਸਿਟੀ ਦੇ ਤੀਰ-ਅੰਦਾਜ਼ਾਂ ਨੇ ਚਾਂਦੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫਗਵਾੜਾ ਦੇ ਤੀਰ-ਅੰਦਾਜ਼ਾਂ ਨੇ ਕਾਂਸੀ, ਕੰਪਾਊਂਡ ਮੈਨ 50 ਮੀਟਰ (।) ਵਿਚ ਰਿਸ਼ਭ ਯਾਦਵ ਨੇ ਸੋਨ, ਓਜਸ ਪ੍ਰਵੀਨ ਦੇਤਲੇ ਨੇ ਚਾਂਦੀ, ਕਮਲਦੀਪ ਸਿੰਘ ਨੇ ਕਾਂਸੀ, ਕੰਪਾਊਂਡ ਮੈਨ 50 ਮੀਟਰ (॥) ਵਿਚ ਉਦੈ ਕੰਬੋਜ ਨੇ ਸੋਨ, ਪ੍ਰਥਮੇਸ਼ ਜਾਵਕੇਰ ਨੇ ਚਾਂਦੀ, ਓਜਸ ਪ੍ਰਵੀਨ ਦੇਤਲੇ ਨੇ ਕਾਂਸੀ ਦਾ ਤਗਮਾ ਹਾਸਿਲ ਕੀਤਾ।



ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕਰਦੇ ਹੋਏ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਅਧਿਕਾਰੀ। ਤਸਵੀਰ: ਰਾਹੀ



ਦਿੱਲੀ ਪਬਲਿਕ ਸਕੂਲ ਵਿਖੇ ਜੀਵਨ ਹੁਨਰਾਂ 'ਤੇ ਸੀ. ਬੀ. ਐਸ. ਈ. ਸਮਰੱਥਾ ਨਿਰਮਾਣ ਵਰਕਸ਼ਾਪ ਦੌਰਾਨ ਪਹੁੰਚੇ ਹੋਏ ਮਹਿਮਾਨ। ਤਸਵੀਰ: ਲਛਮਣ ਦਾਸ ਗਰਗ

# ਦਿੱਲੀ ਪਬਲਿਕ ਸਕੂਲ ਵਿਖੇ ਜੀਵਨ ਹੁਨਰਾਂ 'ਤੇ ਸੀ. ਬੀ. ਐਸ. ਈ ਸਮਰੱਥਾ ਨਿਰਮਾਣ ਵਰਕਸ਼ਾਪ ਲਗਾਈ

ਗੋਨਿਆਣਾ, 28 ਅਕਤੂਬਰ (ਲਛਮਣ ਦਾਸ ਗਰਗ)-ਬੀਤੇ ਦਿਨੀਂ ਦਿੱਲੀ ਪਬਲਿਕ ਸਕੂਲ ਬਠਿੰਡਾ ਨੇ ਜੀਵਨ ਹੁਨਰਾਂ 'ਤੇ ਇਕ ਦਿਨਾਂ ਸੀ.ਬੀ.ਐਸ.ਈ. ਸਮਰੱਥਾ ਨਿਰਮਾਣ ਵਰਕਸ਼ਾਪ ਦੀ ਸਫ਼ਲਤਾ ਪੂਰਵਕ ਮੇਜ਼ਬਾਨੀ ਕੀਤੀ। ਨਵੀਂ ਸਿੱਖਿਆ ਨੀਤੀ (ਐਨਈਪੀ) ਅਤੇ ਸੀ ਬੀ ਐਸ ਈ ਦਿਸ਼ਾਂ ਨਿਰਦੇਸ਼ਾਂ ਦੇ ਅਨੁਸਾਰ ਵਰਕਸ਼ਾਪ ਦਾ ਉਦੇਸ਼ ਸਿੱਖਿਅਕਾਂ ਨੂੰ ਰੋਜ਼ਾਨਾ ਅਧਿਆਪਨ ਵਿਚ ਸਮਾਜਿਕ-ਭਾਵਨਾਤਮਕ, ਬੋਧਾਤਮਕ ਅਤੇ ਸਿਹਤ-ਸਬੰਧੀ ਜੀਵਨ ਹੁਨਰਾਂ ਨੂੰ ਏਕੀਕ੍ਰਿਤ ਕਰਨ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਨਾਲ ਸ਼ਕਤੀਸ਼ਾਲੀ ਬਣਾਉਣਾ ਸੀ। ਸ਼ੈਸ਼ਨਾਂ ਦੀ ਅਗਵਾਈ ਦੋ ਪ੍ਰਮੁੱਖ ਸਿੱਖਿਆ ਸ਼ਾਸਤਰੀਆਂ-ਮਾਊਂਟ ਲਿਟਰਾ ਜ਼ੀ ਸਕੂਲ ਕੋਟਸ਼ਮੀਰ ਦੀ ਪ੍ਰਿੰਸੀਪਲ ਮੈਰੀ ਐਂਥਨੀ ਸਿੰਘ ਅਤੇ ਦ ਆਕਸਫੋਰਡ ਇੰਟਰਨੈਸ਼ਨਲ ਸਕੂਲ, ਸਿੰਨੇਵਾਲਾ ਮਲੋਟ ਦੇ ਪ੍ਰਿੰਸੀਪਲ ਗੁਰਜੋਤ ਸਿੰਘ ਰੰਧਾਵਾ ਨੇ ਕੀਤੀ। ਉਨ੍ਹਾਂ ਦੀ ਸਾਂਝੀ ਮੁਹਾਰਤ ਨੇ ਭਾਗੀਦਾਰਾਂ ਨੂੰ ਸਿੱਖਿਆ ਸ਼ਾਸਤਰੀ, ਮਨੋਵਿਗਿਆਨਕ ਅਤੇ ਪ੍ਰਬੰਧਕੀ ਦ੍ਰਿਸ਼ਟੀਕੋਣ ਦਾ ਇਕ ਅਮੀਰ ਮਿਸ਼ਰਣ ਪੇਸ਼ ਕੀਤਾ। ਅਧਿਆਪਕਾਂ ਨੂੰ ਹੱਥਾਂ ਨਾਲ ਗਤੀਵਿਧੀਆਂ ਵਿਚ ਲਗਾਇਆ ਗਿਆ, ਜਿਸ ਨੇ ਉਨ੍ਹਾਂ ਦੀ ਸਮਝ ਨੂੰ ਡੂੰਘਾ ਕੀਤਾ ਅਤੇ ਉਨ੍ਹਾਂ ਨੂੰ ਕਲਾਸਾਂ ਦੇ ਕਮਰਿਆਂ ਵਿਚ ਇਨ੍ਹਾਂ ਤਰੀਕਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਬਾਰੇ ਦੱਸਿਆ ਗਿਆ।

# ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਕੀਤਾ ਪਿੰਡਾਂ ਦਾ ਦੌਰਾ, ਸੁਣੀਆਂ ਲੋਕ ਮੁਸ਼ਕਿਲਾਂ

ਸੀਂਗੋ ਮੰਡੀ, 28 ਅਕਤੂਬਰ (ਲਕਵਿੰਦਰ ਸ਼ਰਮਾ)-ਪਿਛਲੇ ਦਿਨਾਂ ਤੋਂ ਹਲਕੇ ਦਾ ਦੌਰਾ ਕਰ ਰਹੇ ਨੌਜਵਾਨ ਕਾਂਗਰਸੀ ਆਗੂ ਗੁਰਬਾਜ਼ ਸਿੰਘ ਸਿੱਧੂ ਨੇ ਅੱਜ ਸੀਂਗੋ ਨੇੜਲੇ ਪਿੰਡਾਂ 'ਚ ਜਿੱਥੇ ਕਾਂਗਰਸੀ ਵਰਕਰਾਂ ਤੇ ਲੋਕਾਂ ਦੇ ਨਿੱਜੀ ਪ੍ਰੋਗਰਾਮਾਂ 'ਚ ਹਾਜ਼ਰੀ ਭਰੀ ਉੱਥੇ ਲੋਕ ਮੁਸ਼ਕਿਲਾਂ ਸੁਣਦਿਆਂ ਉਨ੍ਹਾਂ ਦੇ ਜਲਦ ਹੱਲ ਦਾ ਭਰੋਸਾ ਵੀ ਦਿੱਤਾ। ਸਿੱਧੂ ਨੇ ਪਿੰਡ ਮਿਰਜ਼ੇਆਣਾ ਅਤੇ ਬਹਿਮਣ ਜੱਸਾ ਸਿੰਘ 'ਚ ਜਨਤਕ ਪ੍ਰੋਗਰਾਮਾਂ 'ਚ ਹਾਜ਼ਰੀ ਭਰਨ ਉਪਰੰਤ ਲੋਕ ਮੁਸ਼ਕਿਲਾਂ ਸੁਣੀਆਂ। ਬਾਅਦ 'ਚ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਨੁਮਾਇੰਦਿਆਂ ਨੇ ਲੋਕਾਂ ਦੀਆਂ ਮੁੱਢਲੀਆਂ ਮੁਸ਼ਕਿਲਾਂ ਦੇ ਹੱਲ ਲਈ ਕੋਈ ਯਤਨ ਨਹੀਂ ਕੀਤੇ ਜਿਸ ਦੇ ਚਲਦਿਆਂ ਲੋਕ ਆਪਣੇ ਜਾਇਜ਼ ਕੰਮ ਕਰਵਾਉਣ ਲਈ ਵੀ ਸਰਕਾਰੀ ਦਫ਼ਤਰਾਂ 'ਚ ਖੱਜਲ਼ ਖੁਆਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨਲਾਇਕੀ ਦੇ ਕਾਰਨ ਪਿਛਲੀਆਂ ਸਰਕਾਰਾਂ ਸਮੇਂ ਚਲਾਈਆਂ ਲੋਕ ਭਲਾਈ ਸਕੀਮਾਂ ਬੰਦ ਹੋਣ ਕਿਨਾਰੇ ਪਹੁੰਚ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਆਪਣੇ ਪੌਣੇ ਚਾਰ ਸਾਲ੍ਹ ਦੇ ਕਾਰਜਕਾਲ ਦੌਰਾਨ ਬੁਢਾਪਾ ਜਾਂ ਵਿਧਵਾ ਪੈਨਸ਼ਨ 'ਚ ਇਕ ਵੀ ਨਵਾਂ ਨਾਮ ਨਹੀਂ ਜੋੜਿਆ ਅਤੇ ਨਾ ਹੀ ਕੋਈ ਨਵਾਂ ਰਾਸ਼ਨ ਕਾਰਡ ਹੀ ਬਣਾਇਆ ਗਿਐ। ਸਿੱਧੂ ਨੇ ਕਿਹਾ ਕਿ ਮੇਰੇ ਪਿਤਾ ਜੀਤਮਹਿੰਦਰ ਸਿੰਘ ਸਿੱਧੂ ਦੇ ਸਮੇਂ ਪਿੰਡਾਂ ਦੇ ਕਲੱਬਾਂ ਨੂੰ ਲੋੜੀਂਦੀਆਂ ਵਸਤਾਂ, ਭਾਈਚਾਰਕ ਇਕਾਈਆਂ ਨੂੰ ਭਾਂਡਿਆਂ ਦੇ ਸੈੱਟ ਅਤੇ ਅੰਗਹੀਣਾਂ ਨੂੰ ਟਰਾਈਸਾਈਕਲ ਵੰਡੇ ਜਾਂਦੇ ਰਹੇ ਹਨ ਪਰ ਹੁਣ ਸਰਕਾਰ ਇਹ ਭੁੱਲ ਹੀ ਗਈ ਕਿ ਇੰਨ੍ਹਾਂ ਵਸਤਾਂ ਦੀ ਵੀ ਪਿੰਡਾਂ 'ਚ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਸਭ ਤੋਂ ਨਿਕੰਮੀ ਸਰਕਾਰ ਸਾਬਿਤ ਹੋ ਰਹੀ ਹੈ ਜਿਸ ਦਾ ਪਿੰਡਾਂ ਦੇ ਵਿਕਾਸ ਵੱਲ ਵੀ ਕੋਈ ਧਿਆਨ ਨਹੀਂ ਤੇ ਲੋਕ ਮੁੱਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ। ਇਸ ਮੌਕੇ ਡੂੰਗਰ ਸਿੰਘ ਸੀਂਗੋ, ਡਾ: ਮਲਕੀਤ ਮਿਰਜ਼ੇਆਣਾ, ਅਮਰਜੀਤ ਸਿੰਘ ਧਨੋਆ, ਬੂਟਾ ਸਿੰਘ ਮਿਰਜ਼ੇਆਣਾ, ਸੁਰਜੀਤ ਸ਼ਿੰਦੀ ਜਗਾ ਰਾਮ ਤੀਰਥ, ਗੁਰਮੀਤ ਸਿੰਘ ਜਗਾ ਆਦਿ ਆਗੂ ਵੀ ਨਜ਼ਰ ਆਏ।



ਲੋਕਾਂ ਨੂੰ ਮਿਲਦੇ ਹੋਏ ਗੁਰਬਾਜ਼ ਸਿੰਘ ਸਿੱਧੂ। ਅਜੀਤ ਤਸਵੀਰ



ਪਿੰਡ ਕੋਟਲੀ ਖੁਰਦ ਵਿਖੇ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਸੰਦੋਹਾ। ਤਸਵੀਰ: ਕਮਾਲੂ

# ਪਰਾਲੀ ਦੇ ਮਸਲੇ ਨੂੰ ਲੈ ਕੇ ਕਿਸਾਨ ਯੂਨੀਅਨ ਵਲੋਂ ਮੀਟਿੰਗ

ਮੌੜ ਮੰਡੀ, 28 ਅਕਤੂਬਰ (ਗੁਰਜੀਤ ਸਿੰਘ ਕਮਾਲੂ)-ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੀ ਪਿੰਡ ਕੋਟਲੀ ਖੁਰਦ ਇਕਾਈ ਦੀ ਇਕ ਅਹਿਮ ਮੀਟਿੰਗ ਪਿੰਡ ਦੇ ਡੇਰਾ ਸਾਹਿਬ ਵਿਖੇ ਹੋਈ। ਇਸ ਮੀਟਿੰਗ ਵਿਚ ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਸੰਦੋਹਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੀਟਿੰਗ ਵਿਚ ਪਿੰਡ ਦੇ ਕਿਸਾਨਾਂ ਨੇ ਕਿਹਾ ਕਿ ਸਰਕਾਰ ਵਲੋਂ ਪਰਾਲੀ ਦੇ ਪ੍ਰਬੰਧਨ ਸਬੰਧੀ ਕੋਈ ਵੀ ਉਪਰਾਲਾ ਨਹੀਂ ਕੀਤਾ ਜਾ ਰਿਹਾ ਹੈ। ਪਰਾਲੀ ਬਣਾਉਣ ਲਈ ਬੇਲਰ ਦਾ ਪ੍ਰਬੰਧ ਨਹੀਂ ਕੀਤਾ ਗਿਆ। ਜੇਕਰ ਕਿਸਾਨ ਕਿਸੇ ਹੋਰ ਪਿੰਡ ਤੋਂ ਬੇਲਰ ਮੰਗਵਾਉਂਦੇ ਹਨ ਤਾਂ ਉਨ੍ਹਾਂ ਨੂੰ 1000 ਰੁਪਏ ਪ੍ਰਤੀ ਕਿੱਲਾ ਖਰਚ ਕਰਨਾ ਪੈ ਰਿਹਾ ਹੈ। ਜੇਕਰ ਕਿਸਾਨ ਪਰਾਲੀ ਨੂੰ ਸਮੇਟਣ ਲਈ ਅੱਗ ਲਗਾਉਂਦਾ ਹੈ ਤਾਂ ਪ੍ਰਸ਼ਾਸਨ ਕਿਸਾਨਾਂ 'ਤੇ ਪਰਚੇ ਕਰਨ ਦੀ ਧਮਕੀ ਦੇ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਬਲਦੇਵ ਸਿੰਘ ਸੰਦੋਹਾ ਨੇ ਇਸ ਮੌਕੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਰਕਾਰ ਪਰਾਲੀ ਦਾ ਪ੍ਰਬੰਧਨ ਕਰਨ ਵਿਚ ਪੂਰੀ ਤਰ੍ਹਾਂ ਫੇਲ੍ਹ ਹੈ। ਕਿਸਾਨਾਂ ਨੂੰ ਪਰਾਲੀ ਸਮੇਟਣ ਲਈ ਕੋਈ ਵੀ ਸਹਾਇਤਾ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਕਣਕ ਦੀ ਬਿਜਾਈ ਦਾ ਸਮਾਂ ਨੇੜੇ ਆ ਰਿਹਾ ਹੈ ਪ੍ਰੰਤੂ ਸਰਕਾਰ ਵਲੋਂ ਕਿਸਾਨਾਂ ਨੂੰ ਕੋਈ ਵੀ ਮਸ਼ੀਨਰੀ ਉਪਲੱਬਧ ਨਹੀਂ ਕਰਵਾਈ ਜਾ ਰਹੀ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਕੋਈ ਕਿਸਾਨ ਅੱਗ ਲਗਾਉਂਦਾ ਹੈ ਅਤੇ ਸਰਕਾਰ ਉਸ ਕਿਸਾਨ ਦੇ ਖਿਲਾਫ਼ ਕੋਈ ਐਕਸ਼ਨ ਲੈਂਦੀ ਹੈ ਤਾਂ ਸਰਕਾਰ ਖਿਲਾਫ਼ ਸੰਘਰਸ਼ ਵਿੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਡੀ ਏ ਪੀ ਦੇ ਨਾਲ ਜੋ ਵਾਧੂ ਸਮਾਨ ਦਿੱਤਾ ਜਾ ਰਿਹਾ ਹੈ ਉਸ ਨੂੰ ਵੀ ਖੇਤੀਬਾੜੀ ਵਿਭਾਗ ਤੁਰੰਤ ਬੰਦ ਕਰਵਾਏ। ਇਸ ਮੌਕੇ ਇਕਾਈ ਪ੍ਰਧਾਨ ਭੋਲਾ ਸਿੰਘ, ਪ੍ਰਧਾਨ ਬਲਵੀਰ ਸਿੰਘ, ਮੀਤ ਪ੍ਰਧਾਨ ਬਾਦਲ ਸਿੰਘ, ਮਨਦੀਪ ਸਿੰਘ, ਹਰਪਾਲ ਸਿੰਘ, ਗੁਰਚਰਨ ਸਿੰਘ, ਲਾਭ ਸਿੰਘ, ਜਸਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਤੇ ਸਨਮਾਨ ਸਮਾਰੋਹ

ਰਾਮਪੁਰਾ ਫੂਲ, 28 ਅਕਤੂਬਰ (ਹੇਮੰਤ ਕੁਮਾਰ ਸ਼ਰਮਾ)-ਫਤਹਿ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਰਾਮਪੁਰਾ ਫੂਲ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਅਤੇ ਸਨਮਾਨ ਸਮਾਰੋਹ ਦਾ ਸਫ਼ਲ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੇ ਆਯੋਜਨ ਵਿਚ ਸੰਸਥਾ ਦੇ ਕੌਮੀ ਸੇਵਾ ਯੋਜਨਾ ਵਿਭਾਗ ਅਤੇ ਰੈਡ ਰਿਬਨ ਕਲੱਬ ਸਮੇਤ ਸਹਾਰਾ ਸਮਾਜ ਸੇਵਾ ਦਾ ਵਿਸ਼ੇਸ਼ ਸਹਿਯੋਗ ਰਿਹਾ। ਕੈਂਪ ਦੌਰਾਨ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਵਲੋਂ ਖ਼ੂਨਦਾਨ ਕੀਤਾ ਗਿਆ ਜਦਕਿ ਇਲਾਕੇ ਦੇ ਪ੍ਰਸਿੱਧ ਖ਼ੂਨਦਾਨੀਆਂ ਅਤੇ ਸਮਾਜ ਸੇਵੀਆਂ ਨੂੰ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸਨਮਾਨਿਤ ਵਿਅਕਤੀਆਂ ਵਿਚ ਮਾਨਵ ਸੇਵਾ ਬਲੱਡ ਡੋਨਰਜ਼ ਸੋਸਾਇਟੀ ਫੂਲ ਟਾਊਨ ਦੇ ਪ੍ਰਧਾਨ ਮੱਖਣ ਸਿੰਘ ਬੁੱਟਰ (58 ਵਾਰ ਖ਼ੂਨਦਾਨ), ਸਮਾਜ ਕੀ ਸੇਵਾ ਵੈਲਫੇਅਰ ਸੋਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਦੇਵਰਾਜ ਗਰਗ (90 ਵਾਰ), ਸੁਰਿੰਦਰ ਗਰਗ (147 ਵਾਰ), ਪਵਨ ਮਹਿਤਾ (132 ਵਾਰ) ਅਤੇ ਸਮਾਜ ਸੇਵੀ ਪ੍ਰੀਤਮ ਸਿੰਘ ਆਰਟਿਸਟ ਸ਼ਾਮਲ ਸਨ। ਫਤਹਿ ਗਰੁੱਪ ਦੇ ਚੇਅਰਮੈਨ ਐਸ. ਐਸ. ਚੱਠਾ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਚੀ ਮਨੁੱਖਤਾ ਦੀ ਸੇਵਾ ਹੈ। ਅਜਿਹੇ ਕੈਂਪ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਬਹਾਦਰੀ, ਸੱਚਾਈ ਅਤੇ ਪਰਉਪਕਾਰ ਦੀ ਪ੍ਰੇਰਣਾ ਦਿੰਦਾ ਹੈ। ਇਸ ਮੌਕੇ ਪ੍ਰਿੰਸੀਪਲ ਬਘੇਲ ਸਿੰਘ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਅਤੇ ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਸਿੱਖਿਆਵਾਂ ਤੇ ਜੀਵਨ ਦਰਸ਼ਨ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਉਨ੍ਹਾਂ ਵਿਦਿਆਰਥੀਆਂ ਨੂੰ ਸਮਾਜ ਸੇਵਾ ਨਾਲ ਜੋੜਨ ਦੀ ਅਪੀਲ ਵੀ ਕੀਤੀ। ਸਮਾਰੋਹ ਵਿਚ ਸਹਾਰਾ ਸਮਾਜ ਸੇਵਾ ਰਾਮਪੁਰਾ ਫੂਲ ਦੇ ਪ੍ਰਧਾਨ ਸੰਦੀਪ ਵਰਮਾ ਅਤੇ ਉਨ੍ਹਾਂ ਦੀ ਟੀਮ 'ਚ ਸੁਖਦੇਵ ਸਿੰਘ, ਜੀਵਨ ਸਿੰਘ, ਬਿੰਦਰ ਸਿੰਘ, ਜਗਸੀਰ ਸਿੰਘ, ਨਿਰਮਲ ਸਿੰਘ, ਸੁੱਖਾ ਕੋਟੜਾ ਕੌੜਾ, ਕੇਵਲ ਸਿੰਘ ਅਤੇ ਗੁਪਤਾ ਬਲੱਡ ਬੈਂਕ ਬਠਿੰਡਾ ਦੀ ਮਹੱਤਵਪੂਰਨ ਭੂਮਿਕਾ ਰਹੀ। ਅੰਤ ਵਿਚ ਐਨ. ਐਸ. ਐਸ. ਕੋਆਰਡੀਨੇਟਰ ਹਰਪ੍ਰੀਤ ਸ਼ਰਮਾ ਅਤੇ ਕੈਂਪ ਕਨਵੀਨਰ ਪ੍ਰੋ: ਸੋਨਵਿੰਦਰ ਸਿੰਘ ਨੇ ਕੈਂਪ ਦੀ ਸਫ਼ਲਤਾ ਵਿਚ ਯੋਗਦਾਨ ਪਾਉਣ ਵਾਲੇ ਪ੍ਰੋਫੈਸਰ ਸਾਹਿਬਾਨਾ, ਸਟਾਫ਼ ਮੈਂਬਰਾਂ ਅਤੇ ਖ਼ੂਨਦਾਨੀ ਸੇਵਾਦਾਰਾਂ ਦਾ ਦਿਲੋਂ ਧੰਨਵਾਦ ਕੀਤਾ।



ਫਤਹਿ ਕਾਲਜ ਰਾਮਪੁਰਾ ਫੂਲ ਵਿਖੇ ਲਗਾਏ ਖ਼ੂਨਦਾਨ ਕੈਂਪ ਦੀ ਤਸਵੀਰ। ਤਸਵੀਰ: ਹੇਮੰਤ ਸ਼ਰਮਾ



ਸਰਕਾਰੀ ਹਾਈ ਸਕੂਲ ਕੋਟਗੁਰੂ ਦੇ ਵਿਦਿਆਰਥੀਆਂ ਵਲੋਂ ਤਿਆਰ ਕੀਤੇ ਵੱਖ-ਵੱਖ ਤਰ੍ਹਾਂ ਦੇ ਮਾਡਲ। ਤਸਵੀਰ: ਸੁਖਤੇਜ ਧਾਲੀਵਾਲ

# ਸਕੂਲ 'ਚ ਵੱਖ-ਵੱਖ ਵਿਸ਼ਿਆਂ ਦਾ ਦੋ ਦਿਨਾਂ ਮੇਲਾ ਲਾਇਆ

ਸੰਗਤ ਮੰਡੀ, 28 ਅਕਤੂਬਰ (ਸੁਖਤੇਜ ਧਾਲੀਵਾਲ)-ਸਰਕਾਰੀ ਹਾਈ ਸਕੂਲ ਕੋਟਗੁਰੂ ਵਿਖੇ ਅੰਗਰੇਜ਼ੀ, ਸਮਾਜਿਕ ਅਧਿਐਨ, ਵਿਗਿਆਨ ਅਤੇ ਗਣਿਤ ਵਿਸ਼ਿਆਂ ਦਾ ਦੋ ਦਿਨਾਂ ਮੇਲਾ ਲਾਇਆ ਗਿਆ। ਇਸ ਮੇਲੇ ਲਈ ਬੱਚਿਆਂ ਨੂੰ ਤਿਆਰੀ ਸਾਇੰਸ ਅਧਿਆਪਕ ਤਰਸੇਮ ਸਿੰਘ, ਅੰਗਰੇਜ਼ੀ ਅਧਿਆਪਕਾ ਸਵਰਨਦੀਪ ਕੌਰ, ਸਮਾਜਿਕ ਅਧਿਆਪਕ ਬਲਤੇਜ ਸਿੰਘ ਅਤੇ ਗਣਿਤ ਅਧਿਆਪਕਾਂ ਗਗਨਦੀਪ ਕੌਰ ਅਤੇ ਨੀਲਮ ਸਿੰਗਲਾ ਵਲੋਂ ਕਰਵਾਈ ਗਈ। ਮੇਲੇ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਮਾਡਲ, ਚਾਰਟ ਤੇ ਪ੍ਰਦਰਸ਼ਨੀਆਂ ਤਿਆਰ ਕਰਕੇ ਆਪਣੀ ਕਾਬਲੀਅਤ ਦਿਖਾਈ। ਅੰਗਰੇਜ਼ੀ ਵਿਸ਼ੇ ਵਿਚ ਸਕੂਲ ਦੇ ਛੇਵੀਂ ਤੋਂ ਲੈਕੇ ਨੌਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਸ਼ਬਦ ਖੇਡਾਂ ਅਤੇ ਭਾਸ਼ਾਈ ਗਤੀਵਿਧੀਆਂ ਰਾਹੀਂ ਆਪਣਾ ਗਿਆਨ ਦਰਸਾਇਆ, ਜਦੋਂਕਿ ਸਮਾਜਿਕ ਅਧਿਐਨ ਵਿਸ਼ੇ ਵਿਚ ਇਤਿਹਾਸਕ ਤੇ ਭੂਗੋਲਿਕ ਮਾਡਲ ਤਿਆਰ ਕਰਕੇ ਦਿਖਾਏ ਗਏ। ਵਿਗਿਆਨ ਵਿਸ਼ੇ ਵਿਚ ਸਿਹਤ ਅਤੇ ਸਫ਼ਾਈ ਨਾਲ ਸਬੰਧਿਤ ਮਾਡਲ ਬਣਾਏ ਗਏ ਤਾਂ ਜੋ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਸਬੰਧੀ ਮੁੱਦਿਆਂ ਬਾਰੇ ਜਾਗਰੂਕ ਕੀਤਾ ਜਾ ਸਕੇ। ਗਣਿਤ ਵਿਸ਼ੇ 'ਚ ਵਿਦਿਆਰਥੀਆਂ ਨੇ ਵੱਖ-ਵੱਖ ਗਿਣਤੀ ਪ੍ਰਣਾਲੀਆਂ ਅਤੇ ਅੰਕ ਗਤੀਵਿਧੀਆਂ ਨਾਲ ਸਬੰਧਿਤ ਮਾਡਲ ਪ੍ਰਦਰਸ਼ਿਤ ਕੀਤੇ। ਇਸ ਮੇਲੇ ਵਿਚ ਵਿਦਿਆਰਥੀਆਂ ਵਲੋਂ ਪੂਰੀ ਲਗਨ ਅਤੇ ਮਿਹਨਤ ਨਾਲ ਵਰਕਿੰਗ ਮਾਡਲਾਂ ਅਤੇ ਵਧੀਆਂ ਮਨਪਸੰਦ ਖੇਡਾਂ ਬਾਰੇ ਨਵੀਂਆਂ ਜਾਣਕਾਰੀਆਂ ਪ੍ਰਾਪਤ ਕੀਤੀਆਂ। ਸਕੂਲ ਦੇ ਮੁੱਖ ਅਧਿਆਪਕ ਸੁਖਪਾਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਮੇਲੇ ਵਿਦਿਆਰਥੀਆਂ 'ਚ ਨਵਾਂ ਸਿੱਖਣ ਦੀ ਰੁਚੀ ਪੈਦਾ ਕਰਨ ਦਾ ਮੌਕਾ ਦਿੰਦੇ ਹਨ ਅਤੇ ਉਨ੍ਹਾਂ ਦਾ ਆਤਮਵਿਸ਼ਵਾਸ ਵਧਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਦੇ ਉਤਕ੍ਰਿਸ਼ਟ ਮਾਡਲਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਇਨਾਮ ਵੰਡੇ।

# ਸਰਕਾਰੀ ਸਕੂਲ ਪਿੰਡ ਪਿੱਥੋ ਵਿਖੇ ਦੋ ਰੋਜ਼ਾ ਵਿੱਦਿਅਕ ਮੇਲਾ ਲਗਾਇਆ

ਚਾਉਕੇ , 28 ਅਕਤੂਬਰ (ਮਨਜੀਤ ਸਿੰਘ ਘੜੈਲੀ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਪਿੱਥੋ ਵਿਖੇ ਪ੍ਰਿੰਸੀਪਲ ਸ਼੍ਰੀਮਤੀ ਮਧੂ ਬਾਲਾ ਦੀ ਅਗਵਾਈ ਅਤੇ ਇੰਚਾਰਜ ਗੁਰਚਰਨ ਸਿੰਘ ਗਿੱਲ ਦੇਖ-ਰੇਖ ਹੇਠ ਵੱਖ -ਵੱਖ ਵਿਸ਼ਿਆਂ ਦਾ ਦੋ ਦਿਨਾਂ ਮੇਲਾ ਲਗਾਇਆ ਗਿਆ। ਪਹਿਲੇ ਦਿਨ ਦੀਕਸ਼ਾ ਰਾਣੀ ਗਣਿਤ ਅਧਿਆਪਕਾ, ਅਮਨਦੀਪ ਕੌਰ ਗਣਿਤ ਅਧਿਆਪਕਾ ਅਤੇ ਮਨਦੀਪ ਸਿੰਘ ਸਾਇੰਸ ਅਧਿਆਪਕ ਵਲੋਂ ਵਿਦਿਆਰਥੀਆਂ ਨੂੰ ਗਣਿਤ ਅਤੇ ਸਾਇੰਸ ਵਿਸ਼ੇ ਦੇ ਵੱਖ-ਵੱਖ ਐਕਟੀਵਿਟੀ ਦੇ ਮਾਡਲ ਅਤੇ ਚਾਰਟ ਤਿਆਰ ਕਰਵਾਏ ਗਏ। ਇਸੇ ਤਰ੍ਹਾਂ ਦੂਜੇ ਦਿਨ ਸੁਖਮੰਦਰ ਸਿੰਘ ਲੈਕਚਰਾਰ ਹਿਸਟਰੀ, ਸ਼੍ਰੀਮਤੀ ਨੇਹਾ ਸਮਾਜਿਕ ਸਿੱਖਿਆ ਅਧਿਆਪਿਕਾ, ਜੋਤੀ ਬਖਸ਼ੀ, ਵਲੋਂ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਦੇ ਮਾਡਲ ਅਤੇ ਚਾਰਟ ਤਿਆਰ ਕਰਵਾਏ ਗਏ ਅਤੇ ਉਨ੍ਹਾਂ ਵਲੋਂ ਮੇਲੇ 'ਚ ਪ੍ਰਦਰਸ਼ਨੀ ਲਗਾਈ ਗਈ । ਇਸ ਪ੍ਰਦਰਸ਼ਨੀ ਦੇ ਓਵਰ ਆਲ ਇੰਚਾਰਜ ਦੀ ਡਿਊਟੀ ਰਜਨੀਸ਼ ਬਾਂਸਲ ਵਲੋਂ ਨਿਭਾਈ ਗਈ ਅਤੇ ਅਨੁਸ਼ਾਸਨ ਡਿਊਟੀ ਅਮਰਜੀਤ ਸਿੰਘ ਪੰਜਾਬੀ ਅਧਿਆਪਕ, ਬਲਰਾਮ ਸਿੰਘ, ਵਿਸ਼ਾਲ ਕੁਮਾਰ, ਗਗਨ ਮਿੱਤਲ ਵਲੋਂ ਨਿਭਾਈ ਗਈ। ਸਜਾਵਟ ਲਈ ਡਿਊਟੀ ਸ਼੍ਰੀਮਤੀ ਰਜਨੀਸ਼ ਗੁਪਤਾ ਅਤੇ ਵਿਦਿਆਰਥੀਆਂ ਵਲੋਂ ਨਿਭਾਈ ਗਈ, ਪ੍ਰਦਰਸ਼ਨੀ ਚ ਵਿਦਿਆਰਥੀਆਂ ਨੂੰ ਸਹਿਯੋਗ ਸ਼੍ਰੀਮਤੀ ਰਾਜਵਿੰਦਰ ਕੌਰ ਪੰਜਾਬੀ ਅਧਿਆਪਕਾ, ਅੰਮ੍ਰਿਤਪਾਲ ਕੌਰ, ਨੀਤਾ ਗੋਇਲ, ਪਰਮਜੀਤ ਸ਼ਰਮਾ , ਸੁਖਵਿੰਦਰ ਸਿੰਘ ਕੈਂਪਸ ਮੈਨੇਜਰ ਵਲੌਂ ਦਿਤਾ ਗਿਆ। ਇਸ ਮੇਲੇ ਨੂੰ ਦੇਖਣ ਲਈ ਪਿੰਡ ਦੇ ਸਰਪੰਚ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਅਤੇ ਵਿਦਿਆਰਥੀਆ ਦੇ ਮਾਪੇ ਪਹੁੰਚੇ ਉਨਾਂ ਇਸ ਮੇਲੇ ਦਾ ਅਨੰਦ ਮਾਣਿਆ ਅਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦਿੱਤਾ । ਇਸ ਮੌਕੇ ਸਫ਼ਾਈ ਦੀ ਡਿਊਟੀ ਸ੍ਰੀਮਤੀ ਵੀਰਪਾਲ ਕੌਰ, ਸੁਭੰਮ ਨੇ ਤਨਦੇਹੀ ਨਾਲ ਨਿਭਾਈ।



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੱਥੋ ਵਿਖੇ ਲਗਾਏ ਵਿੱਦਿਅਕ ਮੇਲੇ ਦਾ ਦ੍ਰਿਸ਼। ਅਜੀਤ ਤਸਵੀਰ

ਸੰਪਾਦਕ-ਰਾਜਿੰਦਰ ਸਿੰਘ। ਪ੍ਰਕਾਸ਼ ਕੌਰ ਹਮਦਰਦ, ਪ੍ਰਿੰਟਰ, ਪਬਲਿਸ਼ਰ ਤੇ ਸੈਕਟਰੀ ਟਰੱਸਟ ਨੇ ਸਾਧੂ ਸਿੰਘ ਹਮਦਰਦ ਟਰੱਸਟ ਲਈ ਡੇਲੀ ਅਜੀਤ ਪ੍ਰਿੰਟਰਜ਼, ਲਿੱਧੜਾਂ, ਜਲੰਧਰ ਤੋਂ ਛਪਵਾ ਕੇ ਸ਼ਾਪ ਨੰ: 72, ਸੁਭਾਸ਼ ਮਾਰਕੀਟ, ਮਾਲ ਰੋਡ, ਬਠਿੰਡਾ ਤੋਂ ਪ੍ਰਕਾਸ਼ਤ ਕੀਤਾ।
ਆਰ. ਐਨ. ਆਈ. ਰਜਿਸਟ੍ਰੇਸ਼ਨ ਨੰ: PUNPUN/2017/70557

Editor- Rajinder Singh. Printer, Publisher and Secretary Parkash Kaur Hamdard. Printed for Sadhu Singh Hamdard Trust at Daily Ajit Printers, Lidhran, Jalandhar and Published from Shop No. 72, Subhash Market, Mall Road, Bathinda. RNI Regd. No:- PUNPUN/2017/70557